

# ਸੁਰੱਖਿਅਤ ਤਰੀਕੇ ਨਾਲ ਸਕੂਲ ਆਉਣਾ ਜਾਣਾ

## ਆਵਾਜਾਈ ਨੂੰ ਘਟਾਉਣਾ ਅਤੇ ਸੁਰੱਖਿਆ ਨੂੰ ਬਿਹਤਰ ਬਣਾਉਣਾ ਸਾਰਿਆਂ ਦੀ ਜ਼ਿੰਮੇਵਾਰੀ ਹੈ

### ਕੀ ਅਸੀਂ ਸਕੂਲ ਦੀ ਆਵਾਜਾਈ ਨੂੰ ਘਟਾ ਸਕਦੇ ਹਾਂ?

**ਹਾਂ!** ਸਕੂਲਾਂ ਨੂੰ ਸੁਰੱਖਿਆ ਨੂੰ ਧਿਆਨ ਵਿੱਚ ਰੱਖ ਕੇ ਬਣਾਇਆ ਜਾਂਦਾ ਹੈ, ਪਰ ਭਾਰੀ ਆਵਾਜਾਈ ਦੇ ਸਮੇਂ ਦੌਰਾਨ ਹਰ ਕਿਸੇ ਲਈ ਗੱਡੀ ਖੜ੍ਹਾਉਣ ਲਈ ਜਗ੍ਹਾ ਮੁਹੱਈਆ ਕਰਵਾਉਣਾ ਸੰਭਵ ਨਹੀਂ ਹੈ। ਤੁਸੀਂ ਹੇਠ ਲਿਖੀਆਂ ਗੱਲਾਂ ਕਰਕੇ ਸੜਕਾਂ ਨੂੰ ਵਧੇਰੇ ਸੁਰੱਖਿਅਤ ਬਣਾਉਣ ਅਤੇ ਭੀੜ ਨੂੰ ਘਟਾਉਣ ਵਿੱਚ ਯੋਗਦਾਨ ਪਾ ਸਕਦੇ ਹੋ।

### ਸਕੂਲ ਨੂੰ ਪੈਦਲ ਜਾਂ ਸਾਈਕਲ 'ਤੇ ਜਾਓ

ਸੜਕਾਂ 'ਤੇ ਭੀੜ ਘਟਾਉਣ ਲਈ ਸਰਗਰਮ ਯਾਤਰਾ ਕਰਨਾ ਸਭ ਤੋਂ ਵਧੀਆ ਤਰੀਕਿਆਂ ਵਿੱਚੋਂ ਇੱਕ ਹੈ।

### ਰਸਤੇ ਦਾ ਕੁੱਝ ਹਿੱਸਾ ਪੈਦਲ ਜਾਓ

ਗੱਡੀ ਨੂੰ ਸਕੂਲ ਤੋਂ ਕੁੱਝ ਗਲੀਆਂ ਦੂਰ ਪਾਰਕ ਕਰੋ ਅਤੇ ਉੱਥੋਂ ਸਕੂਲ ਪੈਦਲ ਆਉਣ-ਜਾਣ ਦੀ ਯੋਜਨਾ ਬਣਾਓ। ਇਸ ਸਮੇਂ ਦੀ ਵਰਤੋਂ ਆਪਣੇ ਬੱਚੇ ਨੂੰ ਸੜਕ ਸੁਰੱਖਿਆ ਬਾਰੇ ਸਿਖਾਉਣ ਲਈ ਕਰੋ।

### ਯੂ-ਟਰਨ ਮਾਰਨ ਤੋਂ ਗੁਰੇਜ਼ ਕਰੋ

ਆਵਾਜਾਈ ਨੂੰ ਸੁਰੱਖਿਅਤ ਢੰਗ ਨਾਲ ਚੱਲਦੇ ਰੱਖਣ ਲਈ ਯੂ-ਟਰਨ, ਤਿੰਨ-ਪੁਆਇੰਟ ਟਰਨ ਅਤੇ ਹੋਰ ਪੇਚੀਦਾ ਆਵਾਜਾਈ ਤਰੀਕੇ ਅਪਨਾਉਣ ਤੋਂ ਗੁਰੇਜ਼ ਕਰੋ।

2 ਮਿੰਟ

### ਸਵਾਰੀ ਬਿਠਾਉਣ ਅਤੇ ਉਤਾਰਨ ਵਾਲੀਆਂ ( pick-up and drop-off ) (PUDO) ਜ਼ੋਨਾਂ ਦਾ ਸਹੀ ਢੰਗ ਨਾਲ ਇਸਤੇਮਾਲ ਕਰੋ

PUDO ਜ਼ੋਨ 2 ਮਿੰਟ ਲਈ ਗੱਡੀ ਖੜ੍ਹਾਉਣ ਦਾ ਸਥਾਨ ਹੁੰਦਾ ਹੈ ਜਿਸਦੀ ਵਰਤੋਂ ਤੁਸੀਂ ਆਪਣੇ ਬੱਚੇ ਨੂੰ ਆਸਾਨੀ ਨਾਲ ਸਕੂਲ ਤੋਂ ਚੁੱਕਣ ਅਤੇ ਛੱਡਣ ਲਈ ਕਰ ਸਕਦੇ ਹੋ। ਆਪਣੀ ਕਾਰ ਵਿੱਚ ਰਹਿਣਾ ਅਤੇ ਅੱਗੇ ਵੱਧਦੇ ਰਹਿਣਾ ਯਾਦ ਰੱਖੋ!

### ਕਾਰਪੂਲ ਕਰਨ (ਕਾਰ ਵਿੱਚ ਇਕੱਠੇ ਜਾਣ) ਦਾ ਪ੍ਰਬੰਧ ਕਰੋ

ਕਿਸੇ ਦੋਸਤ ਨਾਲ ਕਾਰਪੂਲ ਕਰਨਾ ਸੜਕ 'ਤੇ ਕਾਰਾਂ ਦੀ ਗਿਣਤੀ ਨੂੰ ਘਟਾਉਂਦਾ ਹੈ ਅਤੇ ਇਹ ਕੰਮ ਵੰਡਣ ਦਾ ਇੱਕ ਵਧੀਆ ਤਰੀਕਾ ਹੈ।

### ਯਾਦ ਰੱਖੋ...

- ਹਮੇਸ਼ਾ ਸੜਕ ਅਤੇ ਪਾਰਕਿੰਗ ਦੇ ਨਿਯਮਾਂ ਦੀ ਪਾਲਣਾ ਕਰੋ, ਇਸ ਨਾਲ ਆਵਾਜਾਈ ਬਿਹਤਰ ਢੰਗ ਨਾਲ ਚੱਲਦੀ ਰਹਿੰਦੀ ਹੈ ਅਤੇ ਇਹ ਹਰ ਕਿਸੇ ਨੂੰ ਸੁਰੱਖਿਅਤ ਰੱਖਦੇ ਹਨ
- ਜੇਕਰ ਤੁਸੀਂ ਗੱਡੀ ਚਲਾ ਰਹੇ ਹੋ, ਤਾਂ ਹੌਲੀ ਹੋਵੋ ਅਤੇ ਪੈਦਲ ਚਾਲਕਾਂ ਪ੍ਰਤੀ
- ਸਾਵਧਾਨ ਰਹੋ
- ਜੇਕਰ ਤੁਸੀਂ ਪੈਦਲ ਚਾਲਕ ਹੋ, ਤਾਂ ਸੁਚੇਤ ਰਹੋ ਅਤੇ ਧਿਆਨ ਨਾਲ ਸੜਕ ਪਾਰ ਕਰੋ

ਵਧੇਰੇ ਜਾਣਕਾਰੀ ਲਈ, ਇਸ QR ਕੋਡ ਨੂੰ ਸਕੈਨ ਕਰੋ ਜਾਂ **vicroads.vic.gov.au/safety-and-road-rules/road-safety-education** 'ਤੇ ਜਾਓ।

CITY OF MELTON

Punjabi | ਪੰਜਾਬੀ